ਕਲਾਸ ਬਾਰ੍ਹਵੀਂ    ਪੇਪਰ ਹਿਸਟਰੀ    ਸਤੰਬਰ ਪ੍ਰੀਖਿਆ 2022

ਭਾਗ (ੳ)    ਕੁੱਲ ਅੰਕ (80) ਸਮਾਂ 3 ਘੰਟੇ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇਕ ਵਾਕ ਵਿੱਚ ਦਿਓ।**

1. ਪੰਜਾਬ ਸ਼ਬਦ ਤੋਂ ਕੀ ਭਾਵ ਹੈ ?
2. ਤਰਾਇਨ ਦੀ ਪਹਿਲੀ ਲੜਾਈ ਕਦੋਂ ਹੋਈ ?
3. ਦਸਮ ਗ੍ਰੰਥ ਦਾ ਸਬੰਧ ਕਿਸ ਗੁਰੂ ਨਾਲ ਹੈ ?
4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਦੋਂ ਅਤੇ ਕਿਸ ਦੁਆਰਾ ਕੀਤੀ ਗਈ ?
5. ਬਚਿੱਤਰ ਨਾਟਕ ਦੀ ਰਚਨਾ ਕਿਸ ਨੇ ਕੀਤੀ ?
6. ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ ?
7. ਗੁਰੂ ਨਾਨਕ ਦੇਵ ਜੀ ਨੇ ਗਿਆਨ ਪ੍ਰਾਪਤੀ ਤੋਂ ਬਾਅਦ ਸਭ ਤੋਂ ਪਹਿਲਾਂ ਕਿਹੜੇ ਸ਼ਬਦ ਕਹੇ ?
8. ਸ੍ਰੀ ਗੁਰੂ ਨਾਨਕ ਦੇਵ ਜੀ ਸੈਦਪੁਰ ਵਿੱਚ ਕਿਸ ਦੇ ਘਰ ਠਹਿਰੇ ਸਨ ?
9. ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਕੀ ਸੀ ?
10. ਸਿੱਖਾਂ ਦੇ ਦੂਜੇ ਗੁਰੂ ਕੌਣ ਸਨ ?
11. ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਕਿਸ ਨੇ ਰੱਖਿਆ ?
12. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਸ ਮੁਗਲ ਬਾਦਸ਼ਾਹ ਦੇ ਆਦੇਸ਼ ਤੇ ਹੋਈ ?
13. ਬੰਦੀ ਛੋੜ ਬਾਬਾ ਕਿਸ ਨੂੰ ਕਿਹਾ ਜਾਂਦਾ ਹੈ ?
14. ਮੀਰੀ ਅਤੇ ਪੀਰੀ ਦੀ ਪ੍ਰਥਾ ਕਿਸ ਗੁਰੂ ਸਾਹਿਬ ਨੇ ਸ਼ੁਰੂ ਕੀਤੀ ?
15. ਸਿੱਖਾਂ ਦੇ ਸੱਤਵੇਂ ਗੁਰੂ ਕੌਣ ਸਨ ?
16. ਗੁਰੂ ਤੇਗ ਬਹਾਦਰ ਜੀ ਨੂੰ ਕਿਹੜੇ ਮੁਗਲ ਬਾਦਸ਼ਾਹ ਨੇ ਸ਼ਹੀਦ ਕਰਵਾਇਆ ਸੀ ?
17. ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਕਦੋਂ ਸੰਭਾਲੀ ?
18. ਗੁਰੂ ਗੋਬਿੰਦ ਸਿੰਘ ਜੀ ਕਿੱਥੇ ਜੋਤੀ ਜੋਤ ਸਮਾਏ ਸਨ ?
19. ਸਪਤ ਸਿੰਧੂ ਤੋਂ ਕੀ ਭਾਵ ਹੈ ?
20. ਯੂਨਾਨੀਆਂ ਨੇ ਪੰਜਾਬ ਨੂੰ ਕੀ ਨਾ ਦਿੱਤਾ ?

(20)

**(ਭਾਗ ਅ)    ਕੋਈ ਪੰਜ ਸਵਾਲਾਂ ਦੇ ਉੱਤਰ 35-40 ਸ਼ਬਦਾਂ ਵਿੱਚ ਦਿਓ।**

21. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ ?
22. ਆਦਿ ਗ੍ਰੰਥ ਸਾਹਿਬ ਤੇ ਇਕ ਨੋਟ ਲਿਖੋ ।
23. ਪਾਣੀਪਤ ਦੀ ਪਹਿਲੀ ਲੜਾਈ ਦਾ ਸੰਖੇਪ ਵਰਣਨ ਕਰੋ ।
24. 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਵਿੱਚ ਇਸਤਰੀਆਂ ਦੀ ਹਾਲਤ ਕਿਹੋ ਜਿਹੀ ਸੀ ?

25. ਗੁਰੂ ਨਾਨਕ ਦੇਵ ਜੀ ਦੀਆਂ ਪੰਜ ਸੱਖਿਆਵਾਂ ਲਿਖੋ ।

26. ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਿਉਂ ਕਰਦਾ ਸੀ ? (15)

## ਭਾਗ ( ੲ )

### 27 ਪਹਿਰੇ ਨੂੰ ਪੜ੍ਹੋ ਅਤੇ ਉੱਤਰ ਦਿਓ।

ਮੰਜੀ ਪ੍ਰਥਾ ਦੀ ਸਥਾਪਨਾ ਗੁਰੂ ਅਮਰਦਾਸ ਦੇ ਸਭ ਤੋਂ ਮਹੱਤਵਪੂਰਨ ਕਾਰਜਾਂ ਵਿੱਚੋਂ ਇੱਕ ਸੀ । ਗੁਰੂ ਅਮਰਦਾਸ ਜੀ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਵਧ ਗਈ ਸੀ । ਇਸ ਕਰਕੇ ਗੁਰੂ ਜੀ ਦਾ ਹਰ ਜਗ੍ਹਾ ਜਾਣਾ ਮੁਸ਼ਕਲ ਸੀ । ਇਸ ਕਰਕੇ ਉਨ੍ਹਾਂ ਨੇ 22 ਮੰਜੀਆਂ ਦੀ ਸਥਾਪਨਾ ਕੀਤੀ। ਹਰ ਮੰਜੀ ਦੇ ਮੁਖੀ ਨੂੰ ਮੰਜੀਦਾਰ ਕਹਿੰਦੇ ਸਨ। ਮੰਜੀਦਾਰ ਦਾ ਅਹੁਦਾ ਪਵਿੱਤਰ ਵਿਚਾਰਾਂ ਵਾਲੇ ਸਿੱਖਾਂ ਨੂੰ ਦਿੱਤਾ ਜਾਂਦਾ ਸੀ । । ਮੰਜੀਦਾਰ ਦਾ ਪ੍ਰਚਾਰ ਕਿਸੇ ਇੱਕ ਖੇਤਰ ਵਿੱਚ ਨਹੀਂ ਸੀ ਉਹ ਇਹ ਪ੍ਰਚਾਰ ਕਿਤੇ ਵੀ ਕਰ ਸਕਦਾ ਸੀ। ਇਹ ਮੰਜੀਦਾਰ ਵੱਧ ਤੋਂ ਵੱਧ ਲੋਕਾਂ ਨੂੰ ਸਿੱਖ ਧਰਮ ਵਿੱਚ ਸ਼ਾਮਲ ਹੋਣ ਦੀ ਪ੍ਰੇਰਿਤ ਕਰਦੇ ਅਤੇ ਸਿੱਖਾਂ ਤੋਂ ਮਾਇਆ ਇਕੱਠੀ ਕਰਕੇ ਗੁਰੂ ਸਾਹਿਬ ਤਕ ਪਹੁੰਚਾਉਂਦੇ ਸਨ ।

(i) ਮੰਜੀ ਪ੍ਰਥਾ ਦੀ ਸਥਾਪਨਾ ਕਿਸ ਗੁਰੂ ਸਾਹਿਬਾਨ ਨੇ ਕੀਤੀ ਸੀ ?

(ii) ਮੰਜੀ ਦਾ ਮੁਖੀ ਕੌਣ ਹੁੰਦਾ ਸੀ ?

(iii) ਕੁੱਲ ਕਿੰਨੀਆਂ ਮੰਜੀਆਂ ਦੀ ਸਥਾਪਨਾ ਕੀਤੀ ਸੀ ?

(iv) ਮੰਜੀਦਾਰ ਦਾ ਕੋਈ ਇਕ ਮੁੱਖ ਕੰਮ ਲਿਖੋ ।

(v) ਮੰਜੀਦਾਰ ਦਾ ਪ੍ਰਚਾਰ ਕਿਸੇ ਇਕ ---------ਤਕ ਸੀਮਤ ਨਹੀਂ ਸੀ। (5)

## ਭਾਗ (ਸ) ਹੇਠ ਲਿਖੇ ਪ੍ਰਸ਼ਨਾ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ।

28. 16 ਵੀਂ ਸਦੀ ਦੇ ਸ਼ੁਰੂ ਚ ਪੰਜਾਬ ਦੀਆਂ ਇਸਤਰੀਆਂ ਦੀ ਸਥਿਤੀ ਕਿਹੋ ਜਿਹੀ ਸੀ ?

29. ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਨੂੰ ਹਰਮਨ ਪਿਆਰਾ ਬਣੂਣ ਵਿੱਚ ਕੀ ਯੋਗਦਾਨ ਪਾਇਆ ?

30. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਨ ਦੱਸੋ ।

31. ਗੁਰੂ ਹਰਗੋਬਿੰਦ ਸਾਹਿਬ ਦੁਆਰਾ ਅਪਣਾਈ ਗਈ ਨਵੀ ਨੀਤੀ ਮੀਰੀ ਪੀਰੀ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ

32. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕੀ ਕਾਰਨ ਸਨ ? (25)

## ਭਾਗ (ਹ)

33. ਦਿੱਤੇ ਗਏ ਪੰਜਾਬ ਦੇ ਨਕਸ਼ੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਪੰਜ ਲੜਾਈਆਂ ਦੇ ਸਥਾਨ ਦਿਖਾਓ ਤੇ ਉਨ੍ਹਾਂ ਦਾ ਹਾਲ ਲਿਖੋ । (15)